# MODEL TEST PAPER

**PAPER - I**
**ADVANCES AND FOREIGN EXCHANGE**
**TRADE - BANKING AND FINANCIAL SERVICES**
**SUBJECT CODE - 216**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ ) (10X1=10)

1. ਬੈਂਕਿੰਗ ਖੇਤਰ ਨੂੰ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ ਕਿਉਂਕਿ ਇਹ

A) ਜਮ੍ਹਾਂ ਰਕਮ ਸਵੀਕਾਰ ਕਰਦਾ ਹੈ

B) ਕਰਜੇ ਪ੍ਰਦਾਨ ਕਰਦਾ ਹੈ

C) ਆਮ ਉਪਯੋਗਤਾ ਸੇਵਾਵਾਂ ਪ੍ਰਦਾਨ ਕਰਦਾ ਹੈ

D) ਉਪਰੋਕਤ ਸਾਰੇ

2. ਕਿਸੇ ਵਿਸ਼ੇਸ਼ ਨੂੰ ਪੈਸਾ ਨਿਵੇਸ਼ ਕਰਨ ਲਈ ਪੂਰੀ ਜਾਣਕਾਰੀ ਪ੍ਰਦਾਨ ਕਰਨ ਨੂੰ ………… ਕਿਹਾ ਜਾਂਦਾ ਹੈ । (ਖਾਲੀ ਥਾਂ ਭਰੋ)

3. ਬੈਂਕਾਂ ਵੱਲੋਂ ਉਦਯੋਗਾ ਨੂੰ ਕਰਜ਼ਾ ਦੇਣ ਤੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ। (ਸਹੀ ਜਾਂ ਗਲਤ)

4. ਸੁਰੱਖਿਅਤ ਜਮ੍ਹਾਂ ਲੋਕਰ ਦੀ ਸੁਵਿਧਾ ਦੇਣ ਦੇ ਬਦਲੇ ਵਿੱਚ ਬੈਂਕ ਗ੍ਰਾਹਕ ਤੋਂ ਕੀ ਪ੍ਰਾਪਤ ਕਰਦਾ ਹੈ?

A) ਕਮਿਸ਼ਨ

B) ਵਿਆਜ

C) ਕਿਰਾਇਆ

D) ਵਟਾਂਦਰਾ ਬਿੱਲ

5. ਮਿਊਚਲ ਫੰਡ ਵਿੱਚ ਨਿਵੇਸ਼ਕ ਮਾਹਿਰਾਂ ਦੀ ਸਹਾਇਤਾ ਨਾਲ ਸ਼ੇਅਰ ਬਾਜ਼ਾਰ ਵਿਚ ਪੈਸਾ ਲਗਾਉਂਦਾ ਹੈ। (ਸਹੀ ਜਾਂ ਗਲਤ)

6. ਏ ਟੀ ਐਮ ਦੀ ਵਰਤੋਂ ਕੀਤੀ ਜਾ ਸਕਦੀ ਹੈ

A) ਪੈਸੇ ਕਢਵਾਉਣ ਲਈ

B) ਖਾਤੇ ਦੀ ਜਾਣਕਾਰੀ ਲਈ

C) ਖਾਤੇ ਦੇ ਵਿਵਰਣ ਲਈ

D) ਉਪਰੋਕਤ ਸਾਰੇ

7. ਕੇ ਵਾਈ ਸੀ (KYC) ਤੋਂ ਕੀ ਭਾਵ ਹੈ?

8. ਆਵਰਤੀ ਬਿੱਲਾਂ ਦੇ ਭੁਗਤਾਨਾਂ ਲਈ ਸਥਾਈ ਹਦਾਇਤਾਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ। (ਸਹੀ ਜਾਂ ਗਲਤ)

9. ਐਚ ਡੀ ਐਫ ਸੀ ( HDFC) ਦਾ ਪੂਰਾ ਨਾਮ ਹੈ

A) ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕਾਰਪੋਰੇਸ਼ਨ

B) ਹਾਊਸਿੰਗ ਡਿਵੈਲਪਮੈਂਟ ਫੈੱਡਰੇਸ਼ਨ ਆਫ ਕਾਮਰਸ

C) ਹਾਊਸਿੰਗ ਡਿਵੈਲਪਮੈਂਟ ਫਾਇਨਾਂਸ ਕੰਪਨੀ

D) ਉਪਰੋਕਤ ਵਿੱਚੋਂ ਕੋਈ ਨਹੀਂ

10. ਵਿਦੇਸ਼ੀ ਮੁਦਰਾ ਬਾਜ਼ਾਰ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਪੰਜ ਦਿਨ ਕੰਮ ਕਰਦਾ ਹੈ। (ਸਹੀ ਜਾਂ ਗਲਤ)

## ਭਾਗ - II

(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕ ਦੇ ਹਨ) (5X3=15)

11. ਵਿੱਤੀ ਗਰੰਟੀ ਕੀ ਹੈ?

12. ਸੁਰੱਖਿਅਤ ਅਤੇ ਅਸੁਰੱਖਿਅਤ ਕਰਜ਼ਿਆਂ ਵਿੱਚ ਕੀ ਅੰਤਰ ਹੈ?

13. ਹਾਈਪੋਥੀਕੇਸ਼ਨ ਦੇ ਵਿਰੁੱਧ ਉਧਾਰ ਦੇਣ ਵਿੱਚ ਬੈਂਕਰ ਦੁਆਰਾ ਕਿਹੜੀਆਂ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

14. ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ 'ਯਾਤਰੀ ਚੈੱਕਾਂ' ਤੋਂ ਕੀ ਭਾਵ ਹੈ?

15. ਮਿਊਚਲ ਫੰਡਾਂ ਤੋਂ ਕੀ ਭਾਵ ਹੈ?

16. ਸੁਰੱਖਿਅਤ ਜਮ੍ਹਾਂ ਲੋਕਰ ਅਤੇ ਸੁਰੱਖਿਅਤ ਕਸਟਡੀ ਅਕਾਊਂਟ ਵਿਚ ਅੰਤਰ ਦੱਸੋ।

17. ਪੱਟੇ ਦੀਆਂ ਵਿਸ਼ੇਸ਼ਤਾਵਾਂ ਲਿਖੋ।

## ਭਾਗ - III

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ) (1X5=5)

18. ਸਵੈਚਾਲਿਤ ਟੈਲਰ ਮਸ਼ੀਨ ਦੇ ਗੁਣ ਅਤੇ ਔਗੁਣਾਂ ਦਾ ਵਰਨਣ ਕਰੋ ।

19. ਫੈਕਟਰਿੰਗ ਕੀ ਹੈ? ਫੈਕਟਰਿੰਗ ਦੀਆਂ ਵੱਖ-ਵੱਖ ਕਿਸਮਾਂ ਦੀਆਂ ਵਿਸਥਾਰਪੂਰਵਕ ਵਿਆਖਿਆ ਕਰੋ।

# MODEL TEST PAPER

**PAPER - I**
**ADVANCES AND FOREIGN EXCHANGE**
**TRADE - BANKING AND FINANCIAL SERVICES**
**SUBJECT CODE - 216**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ) (10X1=10)

1. ਬੈਂਕ ਦੁਆਰਾ ਕਰਜੇ ਦੇ ਬਦਲੇ ਵਿੱਚ ਗ੍ਰਾਹਕ ਤੋਂ ਪ੍ਰਾਪਤ ਕੀਤੀ ਗਈ ਵਾਧੂ ਸਕਿਉਰਿਟੀ ਨੂੰ ਕੀ ਕਿਹਾ ਜਾਂਦਾ ਹੈ?
2. ਇੱਕ ਗ੍ਰਾਹਕ ਨੂੰ ਬੈਂਕ ਲਾਕਰ ਦੀ ਸਹੂਲਤ ਪ੍ਰਾਪਤ ਕਰਨ ਲਈ ................ ਦੇਣਾ ਪੈਂਦਾ ਹੈ। (ਖਾਲੀ ਥਾਂ ਭਰੋ)
3. ਏ ਟੀ ਐਮ ਸਹੂਲਤ ਉਪਲਬਧ ਹੈ

A) ਸਿਰਫ਼ ਬੈਂਕਿੰਗ ਘੰਟਿਆਂ ਲਈ

B) 24 ਘੰਟੇ ਅਤੇ ਹਫ਼ਤੇ ਦੇ 7 ਦਿਨ

C) ਸੋਮਵਾਰ ਤੋਂ ਸ਼ੁੱਕਰਵਾਰ

D) ਉਪਰੋਕਤ ਵਿੱਚੋਂ ਕੋਈ ਨਹੀਂ

4. ਸੁਰੱਖਿਅਤ ਕਰਜ਼ੇ ਦੀ ਵਿਆਜ ਦਰ ਅਸੁਰੱਖਿਅਤ ਕਰਜ਼ੇ ਨਾਲੋ ਵੱਧ ਹੁੰਦੀ ਹੈ। ( ਸਹੀ ਜਾਂ ਗਲਤ)
5. ਮਿਉਚੁਅਲ ਫੰਡ ਕੀ ਹੈ?
6. ਓਵਰਡਰਾਫਟ ਸੁਵਿਧਾ ਵਿਅਕਤੀ ਦੇ ............ ਦੇ ਨਕਦ ਪ੍ਰਵਾਹ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੀ ਹੈ। (ਖਾਲੀ ਥਾਂ ਭਰੋ)
7. ਪੱਟੇ ਵਿੱਚ ਕਿੰਨੀਆ ਧਿਰਾਂ ਹੁੰਦੀਆਂ ਹਨ?
8. ਅਠਾਰਾਂ ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਕਿਹਾ ਜਾਂਦਾ ਹੈ

A) ਪਾਗਲ

B) ਬਾਲਗ

C) ਨਾਬਾਲਗ

D) ਅਨਪੜ੍ਹ

9. ਤਰਜੀਹੀ ਖੇਤਰ ਦੇ ਉਧਾਰ ਦਾ ਉਦੇਸ਼ ਸਮਾਜਿਕ ਅਤੇ ਆਰਥਿਕ ਅਸਮਾਨਤਾਵਾਂ ਨੂੰ ਹੱਲ ਕਰਨਾ ਹੈ। (ਸਹੀ ਜਾਂ ਗਲਤ)
10. ਇੰਡੈਮਨਿਟੀ ਦੇ ਇਕਰਾਰਨਾਮੇ ਵਿੱਚ ......... ਪਾਰਟੀਆਂ ਸ਼ਾਮਿਲ ਹੁੰਦਿਆਂ ਹਨ। (ਖਾਲੀ ਥਾਂ ਭਰੋ)

## ਭਾਗ - II

(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕ ਦੇ ਹਨ) (5X3=15)

11. ਕਿਰਾਇਆ ਖਰੀਦ ਪ੍ਰਣਾਲੀ ਤੋਂ ਕੀ ਭਾਵ ਹੈ?
12. ਬੈਂਕਾਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਸਥਾਈ ਨਿਰਦੇਸ਼ ਸੁਵਿਧਾ ਕੀ ਹੈ?
13. ਗਰੰਟੀ ਦੇ ਇਕਰਾਰਨਾਮੇ ਵਿੱਚ ਗਾਰੰਟਰ ਦੀਆਂ ਮੁੱਢਲੀਆਂ ਜਿੰਮੇਵਾਰੀਆਂ ਕੀ ਹਨ?
14. ਪਲੈਜ ਅਤੇ ਮੌਰਟਗੇਜ ਵਿੱਚ ਅੰਤਰ ਦੱਸੋ।
15. ਕਿਸੇ ਦੇਸ਼ ਦੇ ਵਿਕਾਸ ਵਿੱਚ ਫੌਰਨ ਐਕਸਚੇਂਜ ਇੱਕ ਅਹਿਮ ਭੂਮਿਕਾ ਕਿਵੇਂ ਨਿਭਾਉਂਦਾ ਹੈ?
16. ਕਰਜ਼ੇ ਲਈ ਅਰਜ਼ੀ ਤੋਂ ਕੀ ਭਾਵ ਹੈ?
17. ਵਪਾਰਿਕ ਬੈਂਕਿੰਗ, ਨਿਵੇਸ਼ ਬੈਂਕਿੰਗ ਤੋਂ ਭਿੰਨ ਕਿਵੇ ਹੈ? ਚਰਚਾ ਕਰੋ।

## ਭਾਗ - II

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ) (1X5=5)

18. ਘਰ ਲਈ ਵਿੱਤ ਕੀ ਹੈ? ਘਰ ਲਈ ਵਿੱਤ ਨਾਲ ਸਬੰਧਤ ਵੱਖ-ਵੱਖ ਸਕੀਮਾਂ ਦੀ ਵਿਆਖਿਆ ਕਰੋ।
19. ਉਧਾਰ ਪੱਤਰ (Letter of credit) ਕੀ ਹੈ? ਉਧਾਰ ਪੱਤਰ ਦੀਆਂ ਵੱਖ- ਵੱਖ ਕਿਸਮਾਂ ਬਾਰੇ ਲਿਖੋ।

**MODEL TEST PAPER**
**PAPER - II**
**MANAGERIAL ECONOMICS AND STATISTICS**
**TRADE - BANKING AND FINANCIAL SERVICES**
**SUBJECT CODE - 215**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ) (10X1=10)

1. ਜਿਹੜੀਆ ਵਸਤੂਆਂ ਇੱਕ ਦੂਸਰੇ ਦੀ ਮੰਗ ਨੂੰ ਪੂਰਾ ਕਰਦੀਆਂ ਹਨ ਨੂੰ...........ਕਹਿੰਦੇ ਹਨ।

A) ਪ੍ਰਤੀਸਥਾਪਨ ਵਸਤੂਆਂ

B) ਗਿਫ਼ਨ ਵਸਤੂਆ

C) ਪੂਰਕ ਵਸਤੂਆਂ

D) ਉਪਰੋਕਤ ਵਿੱਚੋਂ ਕੋਈ ਨਹੀਂ

2. ਇੱਕ ਉਦਾਸੀਨ ਵੱਕਰ ਕਿਸੇ ਦੂਸਰੇ ਉਦਾਸੀਨ ਵੱਕਰ ਨੂੰ ਕੱਟ ਸਕਦਾ ਹੈ। (ਸਹੀ ਜਾਂ ਗਲਤ)

3. ਧਨਾਤਮਕ ਸਹਿ-ਸੰਬੰਧ ਤੋਂ ਕੀ ਭਾਵ ਹੈ?

4. ਜਦੋਂ ਸੀਮਾਂਤ ਉਪਯੋਗਤਾ ਰਿਣਾਤਮਕ ਹੁੰਦੀ ਹੈ ਤਾਂ ਕੁੱਲ ਉਪਯੋਗਤਾ ............ ਹੁੰਦੀ ਹੈ। (ਖਾਲੀ ਥਾਂ ਭਰੋ)

5. ਮੰਗ ਦੀ ਕੀਮਤ ਲੋਚ ਵਸਤੂ ਦੀ ਕੀਮਤ ਵਿੱਚ ਪਰਿਵਰਤਨ ਦੇ ਫਲਸਰੂਪ ...............ਦੇ ਪਰਿਵਰਤਨ ਨੂੰ ਦਰਸਾਉਂਦੀ ਹੈ।

A) ਆਮਦਨ

B) ਉਪਭੋਗਤਾ

C) ਮੰਗ

D) ਉਪਰੋਕਤ ਵਿੱਚੋਂ ਕੋਈ ਨਹੀਂ

6. $\bar{X}$, Z ਅਤੇ M ਵਿੱਚ ਕੀ ਸੰਬੰਧ ਹੈ?

A) $M = 3Z - 2\bar{X}$
B) $Z = 3M - 2\bar{X}$
C) $\bar{X} = 3Z - 2M$
D) $Z = 3\bar{X} - 2M$

7. ਕਿਹੜੀ ਵਿਧੀ ਵਿੱਚ ਕਾਲਪਨਿਕ ਮਾਧਿਆ (A) ਦਾ ਪ੍ਰਯੋਗ ਕੀਤਾ ਜਾਂਦਾ ਹੈ?

A) ਪ੍ਰਤੱਖ ਵਿਧੀ

B) ਪਦ-ਵਿਚਲਨ ਵਿਧੀ

C) ਕਾਰਲ ਪੀਅਰਸਨ ਦੀ ਵਿਧੀ

D) ਸਪੀਅਰਮੈਨ ਦੀ ਵਿਧੀ

8. ਸੰਖਿਆਤਮਕ ਅੰਕੜਿਆਂ ਦੇ ਸਮੂਹ ਨੂੰ .................. ਕਿਹਾ ਜਾਂਦਾ ਹੈ। (ਖਾਲੀ ਥਾਂ ਭਰੋ)

9. ਅਰਥ-ਸ਼ਾਸਤਰ ਦੀ ਉਹ ਸ਼ਾਖਾ ਜੋ ਵਪਾਰਕ ਸੰਸਥਾਵਾਂ ਦੇ ਫੈਸਲੇ ਕਰਨ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ ਨੂੰ .......... ਕਹਿੰਦੇ ਹਨ।

A) ਵਪਾਰਕ ਅਰਥ-ਸ਼ਾਸਤਰ

B) ਪ੍ਰਯੋਗਿਕ ਅਰਥ-ਸ਼ਾਸਤਰ

C) ਖੇਤੀਬਾੜੀ ਅਰਥ-ਸ਼ਾਸਤਰ

D) ਉਪਰੋਕਤ ਸਾਰੇ

10. ਸੂਚਕ ਅੰਕ ਦੇ ਲਾਸਪੇਅਰ ਸੂਤਰ ਨੂੰ ਆਦਰਸ਼ ਸੂਤਰ ਕਿਹਾ ਜਾਂਦਾ ਹੈ। ( ਸਹੀ ਜਾਂ ਗਲਤ)

## ਭਾਗ - II

(ਕਿਸੇ ਪ੍ਹੰਜ ਪ੍ਰਸ਼ਨਾਂ ਦੇ ਉੱਤਰ ਲਿਖੋ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ) (5X3=15)

11. ਪ੍ਰਬੰਧਕੀ ਅਰਥ- ਸ਼ਾਸਤਰ ਦੇ ਖੇਤਰ ਦਾ ਸੰਖੇਪ ਵਿੱਚ ਵਿਵੇਚਨ ਕਰੋ।

12. ਸਮ- ਸੀਮਾਂਤ ਉਪਯੋਗਤਾ ਦਾ ਨਿਯਮ ਕੀ ਹੈ?

13. ਮੰਗ ਵਿੱਚ ਕਮੀ ਤੋਂ ਕੀ ਭਾਵ ਹੈ?

14. ਉਦਾਸੀਨ ਵੱਕਰ ਵਿਸ਼ਲੇਸ਼ਣ ਕੀ ਹੈ?

15. ਸਾਂਖਿਅਕੀ ਦੇ ਖੇਤਰ ਬਾਰੇ ਸੰਖੇਪ ਵਿੱਚ ਵਿਆਖਿਆ ਕਰੋ।

16. ਸੂਚਕ ਅੰਕਾਂ ਦਾ ਕੀ ਮਹੱਤਵ ਹੈ?

17. 19 ਮਜ਼ਦੂਰਾਂ ਨੂੰ ਹੇਠਾਂ ਦਿੱਤੀ ਮਜ਼ਦੂਰੀ ਪ੍ਰਾਪਤ ਹੁੰਦੀ ਹੈ। ਲਘੂ- ਵਿਧੀ ਰਾਹੀਂ ਅੰਕਗਣਿਤੀ ਮਾਧਿਆ ਦੀ ਗਣਨਾ ਕਰੋ।

| ਮਜ਼ਦੂਰੀ (₹ ) | 10 | 20 | 30 | 40 | 50 |
|---|---|---|---|---|---|
| ਮਜ਼ਦੂਰਾਂ ਦੀ ਗਿਣਤੀ | 4 | 5 | 3 | 2 | 5 |

## ਭਾਗ - III

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦਾ ਹੈ।) (1X5=5)

18. ਮੰਗ ਦੀ ਕੀਮਤ ਲੋਚ ਕੀ ਹੈ? ਮੰਗ ਦੀ ਕੀਮਤ ਲੋਚ ਮਾਪਣ ਦੀ ਕੁੱਲ ਖਰਚ ਵਿਧੀ ਦਾ ਵਿਸਥਾਰਪੂਰਵਕ ਵਰਣਨ ਕਰੋ।

19. ਹੇਠ ਲਿਖੀ ਜਾਣਕਾਰੀ ਤੋਂ ਕਾਰਲ ਪੀਅਰਸਨ ਵਿਧੀ ਰਾਹੀਂ ਸਹਿ-ਸੰਬੰਧ ਗੁਣਾਂਕ ਗਿਆਤ ਕਰੋ।

| | | | | | | |
|---|---|---|---|---|---|---|
| X | 21 | 22 | 28 | 32 | 35 | 36 |
| Y | 18 | 20 | 25 | 30 | 31 | 32 |

**MODEL TEST PAPER**

**PAPER - II**
**MANAGERIAL ECONOMICS AND STATISTICS**
**TRADE - BANKING AND FINANCIAL SERVICES**
**SUBJECT CODE - 215**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ) (10X1=10)

1. ਮੰਗ ਵਿੱਚ ਕਮੀ ਦਾ ਕਾਰਣ ਹੈ

A) ਉਪਭੋਗਤਾ ਦੀ ਆਮਦਨ ਵਿੱਚ ਕਮੀ

B) ਪ੍ਰਤੀਸਥਾਪਨ ਵਸਤੂਆਂ ਦੀ ਕੀਮਤ ਵਿੱਚ ਕਮੀ

C) ਪੂਰਕ ਵਸਤੂਆਂ ਦੀ ਕੀਮਤ ਵਿੱਚ ਵਾਧਾ

D) ਉਪਰੋਕਤ ਸਾਰੇ

2. ਚਤੁਰਥਕ ਇੱਕ ਲੜੀ ਨੂੰ ……….. ਭਾਗਾਂ ਵਿੱਚ ਵੰਡਦਾ ਹੈ। (ਖਾਲੀ ਥਾਂ ਭਰੋ)

3. ਮੰਗ ਵੱਕਰ ਦੀ ਢਲਾਣ ਧਨਾਤਮਕ ਹੁੰਦੀ ਹੈ। (ਸਹੀ ਜਾਂ ਗਲਤ)

4. ਕੇਂਦਰੀ ਪਰਵਰਿਤੀ ਦੇ ਮਾਪ ਕਹਿੜੇ ਹਨ?

A) ਔਸਤ

B) ਬਹੁਲਕ

C) ਮਧਿਅਕਾ

D) ਉਪਰੋਕਤ ਸਾਰੇ

5. ਇਕਾਈ ਲੋਚ ਮੰਗ ਤੋਂ ਕੀ ਭਾਵ ਹੈ?

6. ਘੱਟਦੀ ਸੀਮਾਂਤ ਉਪਯੋਗਿਤਾ ਨਿਯਮ …………. ਦੁਆਰਾ ਦਿੱਤਾ ਗਿਆ ਹੈ। (ਖਾਲੀ ਥਾਂ ਭਰੋ)

7. ਪ੍ਰਬੰਧਕੀ ਅਰਥ - ਸ਼ਾਸਤਰ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਵਰਤਿਆ ਜਾਂਦਾ ਹੈ। ਇਸ ਲਈ ਇਸ ਨੂੰ ………… ਕਿਹਾ ਜਾਂਦਾ ਹੈ।

A) ਵਪਾਰਿਕ ਅਰਥ-ਸ਼ਾਸਤਰ

B) ਪ੍ਰਬੰਧ ਲਈ ਅਰਥ-ਸ਼ਾਸਤਰ

C) ਪ੍ਰਯੋਗਿਕ ਅਰਥ-ਸ਼ਾਸਤਰ

D) ਉਪਰੋਕਤ ਵਿੱਚ ਕੋਈ ਨਹੀਂ

8. ਉਦਾਸੀਨ ਵੱਕਰ ਦੀ ਢਲਾਣ ਧਨਾਤਮਕ ਹੁੰਦੀ ਹੈ। (ਸਹੀ ਜਾਂ ਗਲਤ)

9. ਜਦੋਂ ਦੋ ਚਰਾਂ ਵਿੱਚ ਪਰਿਵਰਤਨ ਉਲੱਟ ਦਿਸ਼ਾ ਵੱਲ ਹੁੰਦਾ ਹੈ ਤਾਂ ਸਹਿ-ਸੰਬੰਧ ................. ਹੈ। (ਖਾਲੀ ਥਾਂ ਭਰੋ)

10. ਬਾਰ੍ਹਵੀ ਜਮਾਤ ਦੇ 10 ਵਿਦਿਆਰਥੀਆਂ ਨੇ ਸਾਂਖਿਅਕੀ ਵਿੱਚ ਹੇਠ ਲਿਖੇ ਅੰਕ ਪ੍ਰਾਪਤ ਕੀਤੇ ਹਨ। ਪ੍ਰਤੱਖ ਵਿੱਧੀ ਰਾਹੀਂ ਅੰਕ ਗਣਿਤੀ ਮਾਧਿਆ ਗਿਆਤ ਕਰੋ।

20, 35, 22, 25, 18, 45, 50, 60, 65, 70

## ਭਾਗ - II

(ਕਿਸੇ ਪ੍ਹੰਜ ਪ੍ਰਸ਼ਨਾਂ ਦੇ ਉੱਤਰ ਲਿਖੋ। ਸਾਰੇ ਪ੍ਰਸ਼ਨ 3-3 ਅੰਕਾਂ ਦੇ ਹਨ) (5X3=15)

11. ਮੰਗ ਦੇ ਵਿਸਥਾਰ ਅਤੇ ਮੰਗ ਵਿੱਚ ਵਾਧੇ ਵਿੱਚ ਅੰਤਰ ਦੱਸੋ।

12. ਉਦਾਸੀਨ ਵੱਕਰ ਦੀਆਂ ਮਾਨਤਾਵਾਂ ਲਿਖੋ।

13. ਪ੍ਰਬੰਧਕੀ ਅਰਥ-ਸ਼ਾਸਤਰ ਦੇ ਖੇਤਰ ਦੀ ਵਿਆਖਿਆ ਕਰੋ।

14. ਮੰਗ ਦੀ ਲੋਚ ਮਾਪਣ ਦੀ ਅਨੁਪਾਤਿਕ ਵਿਧੀ ਦਾ ਵਰਣਨ ਕਰੋ।

15. ਸਾਂਖਿਅਕੀ ਦੀਆਂ ਸੀਮਾਵਾਂ ਕੀ ਹਨ?

16. ਹੇਠ ਲਿਖੇ ਅੰਕੜਿਆਂ ਦੀ ਸਹਾਇਤਾ ਨਾਲ 2012 ਨੂੰ ਅਧਾਰ ਸਾਲ ਮੰਨ ਕੇ ਸਰਲ ਸਮੂਹੀਕਰਣ ਵਿਧੀ ਰਾਹੀਂ 2015 ਦਾ ਮੁੱਲ ਸੂਚਕ ਅੰਕ ਗਿਆਤ ਕਰੋ।

| ਵਸਤੂਆਂ | A | B | C | D | E |
|---|---|---|---|---|---|
| 2012 ਦੀ ਕੀਮਤਾਂ (₹ ਵਿੱਚ) | 60 | 50 | 20 | 10 | 8 |
| 2015 ਦੀ ਕੀਮਤਾਂ (₹ ਵਿੱਚ) | 80 | 60 | 30 | 20 | 4 |

17. ਹੇਠਾਂ ਦਿੱਤੇ ਅੰਕੜਿਆਂ ਤੋਂ ਵਿਸਥਾਰ ਅਤੇ ਵਿਸਥਾਰ ਦਾ ਗੁਣਾਂਕ ਗਿਆਤ ਕਰੋ।

| ਕ੍ਰਮ ਨੰਬਰ: | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|
| X | 98 | 110 | 106 | 115 | 126 | 122 | 102 | 107 | 117 |

**ਭਾਗ - III**

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦਾ ਹੈ।) (1X5=5)

18. ਹੇਠ ਲਿਖੇ ਸੂਚੀ ਵਿੱਚ 10 ਵਿਦਿਆਰਥੀਆਂ ਵੱਲੋਂ ਇੱਕ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਵਿਦਿਆਰਥੀਆਂ ਦੁਆਰਾ ਪ੍ਰਾਪਤ ਅੰਕਾਂ ਦਾ ਪਦ-ਵਿਚਲਨ ਵਿਧੀ ਰਾਹੀਂ ਮੱਧਮਾਨ ਗਿਆਤ ਕਰੋ।

| ਰੋਲ ਨੰਬਰ: | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਅੰਕ: | 40 | 50 | 60 | 30 | 35 | 50 | 70 | 80 | 85 | 100 |

19. ਘਟੱਦੀ ਸੀਮਾਂਤ ਤੁਸ਼ਟੀਗੁਣ ਨਿਯਮ ਕੀ ਹੈ? ਘੱਟਦੀ ਸੀਮਾਂਤ ਉਪਯੋਗਤਾ ਦੇ ਨਿਯਮ ਦੀ ਮਹੱਤਤਾ ਦੀ ਵਿਆਖਿਆ ਕਰੋ।

# MODEL TEST PAPER

**PAPER - III**
**INTRODUCTION TO COMPUTER APPLICATIONS**
**TRADE - BANKING AND FINANCIAL SERVICES**
**SUBJECT CODE - 217**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ) (10X1=10)

1. ਸੀ. ਵੀ. ਵੀ. (CVV) ਦਾ ਪੂਰਾ ਨਾਂ ਲਿਖੋ।
2. ਕੋਈ ਨਿਵੇਸ਼ਕਰਤਾ ਵੱਧ ਤੋਂ ਵੱਧ ਕਿੰਨੇ ਡਿਪਾਜ਼ਿਟਰੀ ਖਾਤੇ ਖੋਲਵਾ ਸਕਦਾ ਹੈ?

A) ਸਿਰਫ ਇੱਕ

B) ਸਿਰਫ ਦੋ

C) ਇੱਛਾ ਅਨੁਸਾਰ ਜਿੰਨੇ ਮਰਜ਼ੀ

D) ਉਪਰੋਕਤ ਵਿੱਚੋਂ ਕੋਈ ਨਹੀਂ

3. WWW ਤੋਂ ਕੀ ਭਾਵ ਹੈ?
4. ਈ- ਬੈਂਕਿੰਗ ਆਪਣੇ ਗਾਹਕਾਂ ਨੂੰ ਇੰਟਰਨੈਟ ਬੈਂਕਿੰਗ ਦੀ ਸਹੂਲਤ ਪ੍ਰਦਾਨ ਕਰਦੀ ਹੈ। ( ਸਹੀ ਜਾਂ ਗਲਤ)
5. ਇੰਟਰਨੈੱਟ .......... ਲਈ ਪ੍ਰਯੋਗ ਕੀਤਾ ਜਾ ਸਕਦਾ ਹੈ।

A) ਬੈਂਕਿੰਗ

B) ਸਿੱਖਿਆ

C) ਵਪਾਰ

D) ਉਪਰੋਕਤ ਸਾਰੇ

6. ਈ- ਬਿਜ਼ਨਸ ਸੁਵਿਧਾ ਕੇਵਲ ਕੰਮ ਦੇ ਘੰਟਿਆਂ ਵਿੱਚ ਹੀ ਉਪਲੱਬਧ ਹੈ। ( ਸਹੀ / ਗਲਤ)
7. ............. ਦੀ ਪ੍ਰਕਿਰਿਆ ਅੰਕੜਿਆਂ ਨੂੰ ਕੋਡ ਵਿੱਚ ਬਦਲਦੀ ਹੈ। (ਖਾਲੀ ਥਾਂ ਭਰੋ)
8. ਕਿਸ ਕਾਰਨ ਵੱਧ ਤੋਂ ਵੱਧ ਲੋਕ ਕੰਪਿਊਟਰ ਆਪਣੇ ਜੀਵਨ ਵਿੱਚ ਅਪਣਾ ਰਹੇ ਹਨ।

A) ਸ਼ੁੱਧਤਾ

B) ਭਰੋਸੇਯੋਗਤਾ

C) ਭਰੋਸੇਯੋਗਤਾ

D) ਉਪਰੋਕਤ ਸਾਰੇ

9. ਡਿਜੀ ਨਕਦੀ ਕੀ ਹੈ?

10. ਈ- ਵਣਜ ਦੀ ਲਾਗਤ ਪਰੰਪਰਾਗਤ ਵਣਜ ਨਾਲੋਂ ………… ਹੁੰਦੀ ਹੈ (ਖਾਲੀ ਥਾਂ ਭਰੋ)

## ਭਾਗ - II

(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕ ਦੇ ਹਨ) (5X3=15)

11. ਭਾਰਤ ਵਿੱਚ ਈ- ਬੈਂਕਿੰਗ ਦੀ ਸਥਿਤੀ ਦੀ ਵਿਆਖਿਆ ਕਰੋ।
12. ਕੰਪਿਊਟਰ ਦੇ ਇਤਿਹਾਸ ਦਾ ਵਰਣਨ ਕਰੋ।
13. ਈ- ਟਰੇਡਿੰਗ ਦੇ ਲਾਭ ਲਿਖੋ।
14. ਮੁਖਤਾਰੀ ਸਰਵਰ ਪਰ ਨੋਟ ਲਿਖੋ।
15. ਪਹਿਲਾਂ ਅਦਾਇਗੀ ਵਾਲੀਆਂ ਭੁਗਤਾਨ ਪ੍ਰਣਾਲੀ ਕਿਹੜੀਆ- ਕਿਹੜੀਆਂ ਹਨ? ਕਿਸੇ ਦੋ ਬਾਰੇ ਲਿਖੋ।
16. ਈ- ਬਿਜ਼ਨਸ ਦੀਆਂ ਵਿਸ਼ੇਸ਼ਤਾਵਾਂ ਲਿਖੋ।
17. ਇੰਟਰਨੈੱਟ ਦੇ ਵਿਭਿੰਨ ਲਾਭ ਕੀ ਹਨ?

## ਭਾਗ - III

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ) (1X5=5)

18. ਈ- ਮਾਰਕੀਟਿੰਗ ਕੀ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਨੂੰ ਵਿਸਥਾਰਪੂਰਵਕ ਲਿਖੋ।
19. ਈ- ਮੇਲ ਕੀ ਹੈ? ਇੰਟਰਨੇਟ ਉੱਤੇ ਈ- ਮੇਲ ਖਾਤਾ ਖੋਲਣ ਦੀ ਵਿਧੀ ਬਾਰੇ ਵਿਸਥਾਰ ਪੂਰਵਕ ਚਰਚਾ ਕਰੋ।

**MODEL TEST PAPER**

**PAPER - III**
**INTRODUCTION TO COMPUTER APPLICATIONS**
**TRADE - BANKING AND FINANCIAL SERVICES**
**SUBJECT CODE – 217**

TIME: 2 Hours MM: 30

**ਭਾਗ - I**

(ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਪ੍ਰਸ਼ਨ 1-1 ਅੰਕ ਦਾ ਹੈ) (10X1=10)

1. ਇੰਟਰਨੈੱਟ ਨਾਲ ਤੁਸੀਂ ਕੀ ਕਰ ਸਕਦੇ ਹੋ?

A) ਈ-ਮੇਲ ਚੈਕੱ ਕਰ ਸਕਦੇ ਹੋ

B) ਪੜ੍ਹਨ ਸਮੱਗਰੀ ਤੱਕ ਪਹੁੰਚ ਕਰ ਸਕਦੇ ਹੋ

C) ਦੋਸਤਾਂ ਨਾਲ ਗੱਲਬਾਤ ਕਰ ਸਕਦੇ ਹੋ

D) ਉਪਰੋਕਤ ਸਾਰੇ ।

2. ਕ੍ਰੈਡਿਟ ਕਾਰਡ ਕੀ ਹੈ?

3. ਇੰਟਰਨੈੱਟ ਯੁਕਤ ਕੰਪਿਊਟਰ, ਈ- ਟਰੇਡਿੰਗ ਦੀ ਜ਼ਰੂਰਤ ਨਹੀਂ ਹੈ। (ਸਹੀ ਜਾਂ ਗਲਤ)

4. ਈ- ਵਣਜ ਦੇ ਪਸਾਰੇ ਨਾਲ ਭਾਰਤ ਵਿੱਚ ਨੌਕਰੀਆਂ ਦੇ ਮੌਕੇ ………… ਹਨ। (ਖਾਲੀ ਥਾਂ ਭਰੋ)

5. ਈ- ਮਾਰਕੀਟਿੰਗ ਦੇ ਚਾਰ 'ਪੀ' ਹਨ, ਵਸਤੂ, ਕੀਮਤ, ਜਗ੍ਹਾ ਅਤੇ ………..……

A) ਉਤਪਾਦਨ

B) ਨੀਤੀ

C) ਤਸਵੀਰ

D) ਉਨਤੀ

6. ਮੋਬਾਈਲ ਬੈਂਕਿੰਗ ਕੀ ਹੈ?

7. ਈ- ਬਿਜ਼ਨਸ ਵਿੱਚ ਵਿਚੋਲੇ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। (ਸਹੀ ਜਾਂ ਗਲਤ)

8. ਈ- ਮੇਲ ਕੀ ਹੈ?

9. ਈ- ਵਣਜ ਵਿੱਚ ……………. ਦੀ ਖਰੀਦ ਵਿਕਰੀ ਕੀਤੀ ਜਾਂਦੀ ਹੈ। (ਖਾਲੀ ਥਾਂ ਭਰੋ)

10. ਕੰਪਿਊਟਰ ਦੇ ਸੰਗਠਨ ਵਿੱਚ ਵਿਭਿੰਨ ਕਾਰਜਕਾਰੀ ਹਿੱਸੇ ਕਿਹੜੇ ਹੁੰਦੇ ਹਨ?

A) ਸੀ ਪੀ ਯੂ

B) ਮੈਮੋਰੀ ਯੂਨਿਟ

C) ਇਨਪੁਟ ਅਤੇ ਆਉਟਪੁੱਟ ਯੂਨਿਟ

D) ਉਪਰੋਕਤ ਸਾਰੇ

**ਭਾਗ - II**

(ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ। ਸਾਰੇ ਪ੍ਰਸ਼ਨ 3-3 ਅੰਕ ਦੇ ਹਨ) (5X3=15)

11. ਈ- ਵਣਜ ਨਾਲ ਸੰਬੰਧਤ ਕਾਨੂੰਨੀ ਮੁੱਦਿਆਂ ਦੀ ਵਿਆਖਿਆ ਕਰੋ।
12. ਭਾਰਤ ਵਿੱਚ ਈ-ਮਾਰਕੀਟਿੰਗ ਦੀ ਸਥਿਤੀ ਬਾਰੇ ਸੰਖੇਪ ਵਿੱਚ ਲਿਖੋ।
13. ਇਲੈਕਟ੍ਰਾਨਿਕ ਭੁਗਤਾਨ ਪ੍ਰਣਾਲੀ ਤੋਂ ਕੀ ਭਾਵ ਹੈ? ਈ- ਭੁਗਤਾਨ ਦੀਆਂ ਕੀ ਲੋੜਾਂ ਹਨ?
14. ਡਾਟਾ ਦੀ ਬੈਚ ਪ੍ਰੋਸੈਸਿੰਗ ਕੀ ਹੈ?
15. ਈ- ਟਰੇਡਿੰਗ ਦੇ ਮਹੱਤਵਪੂਰਨ ਗੁਣ ਲਿਖੋ।
16. ਈ- ਵਣਜ ਦੀਆਂ ਵਿਸ਼ੇਸ਼ਤਾਵਾਂ ਲਿਖੋ।
17. ਇੰਟਰਨੇਟ ਡੋਮੇਨ ਕੀ ਹੈ?

**ਭਾਗ - III**

(ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ। ਹਰੇਕ ਪ੍ਰਸ਼ਨ 5-5 ਅੰਕ ਦੇ ਹਨ) (1X5=5)

18. ਈ- ਬਿਜ਼ਨਸ ਕੀ ਹੈ? ਅੱਜ ਦੇ ਵਪਾਰਿਕ ਯੁੱਗ ਵਿੱਚ ਈ-ਬਿਜ਼ਨਸ ਇੱਕ ਅਹਿਮ ਭੂਮਿਕਾ ਕਿਵੇਂ ਨਿਭਾ ਰਹੀ ਹੈ? ਵਿਆਖਿਆ ਕਰੋ।
19. ਈ- ਬੈਂਕਿੰਗ ਕੀ ਹੈ? ਈ- ਬੈਂਕਿੰਗ ਅਤੇ ਪਰੰਪਰਾਗਤ ਬੈਂਕਿੰਗ ਵਿੱਚ ਅੰਤਰ ਸਪਸ਼ਟ ਕਰੋ।